aglasem.com

FOR PUNJAB CLASS 10 PREPARATION

PSEB 10th Sample Paper 2027 Music (Gayan)

EXAM	YEAR	TYPE	SUBJECT
Punjab Class 10	2027	Sample Paper	Music

ਮਾਡਲ ਟੈਸਟ ਪੇਪਰ

ਸ਼੍ਰੇਣੀ - ਦੱਸਵੀਂ

ਵਿਸ਼ਾ - ਸੰਗੀਤ (ਗਾਇਨ)

ਸੈਸ਼ਨ - 2026-2027

ਸਮਾਂ - 3 ਘੰਟੇ ਕੁੱਲ ਅੰਕ - 45

ਭਾਗ - ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ। (11×1=11)

1. ਸਾਡੇ ਸੰਗੀਤ ਵਿੱਚ ਚਲ ਸਵਰਾਂ ਦੀ ਗਿਣਤੀ ਕਿੰਨੀ ਹੈ ?
2. ਕਿਹੜੇ ਥਾਟ ਵਿੱਚ ਸਾਰੇ ਸਵਰ ਸ਼ੁੱਧ ਲੱਗਦੇ ਹਨ ?
3. ਤਾਨਪੁਰੇ ਦਾ ਅਵਿਸ਼ਕਾਰ ਕਿਸ ਨੇ ਕੀਤਾ ?
4. ਕੋਮਲ ਸਵਰਾਂ ਲਈ ਕਿਹੜੇ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ?
5. ਭਜਨ ਨਾਲ ਤਾਲ ਦੇਣ ਲਈ ਕਿਹੜੇ ਸਾਜ ਦੀ ਵਰਤੋਂ ਕੀਤੀ ਜਾਂਦੀ ਹੈ ?
6. ਥਾਟ ਵਿੱਚ ਕਿੰਨੇ ਸਵਰਾਂ ਦਾ ਹੋਣਾ ਜਰੂਰੀ ਹੈ ?
7. ਰਾਗ ਭੈਰਵ ਦਾ ਥਾਟ ਦੱਸੋ ।
8. ਰਾਗ ਭੂਪਾਲੀ ਦੀ ਜਾਤੀ ਦੱਸੋ ।
9. ਚਾਰਤਾਲ ਦੇ ਕਿੰਨੇ ਵਿਭਾਗ ਹੁੰਦੇ ਹਨ ?
10. ਰੂਪਕ ਤਾਲ ਕਿੰਨੇ ਮਾਤਰਾ ਦੀ ਤਾਲ ਹੈ ?
11. ਰਾਗ ਖਮਾਜ ਦਾ ਵਾਦੀ ਸਵਰ ਦੱਸੋ ।

ਭਾਗ - ਅ

12 ਤੋਂ 17 ਤੱਕ ਸੰਖੇਪਾਤਮਕ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ ਲਾਜ਼ਮੀ ਹਨ। (6×2=12)

12. ਗਾਇਕ ਦੇ ਕੋਈ ਦੋ ਗੁਣ ਦੱਸੋ ।
13. ਖਮਾਜ ਥਾਟ ਵਿੱਚ ਕਿਹੜੇ ਸਵਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ।
14. ਪੰਜਾਬ ਦੇ ਲੋਕ ਸਾਜਾਂ ਦੇ ਨਾਮ ਲਿਖੋ ।
15. ਭੈਰਵ ਰਾਗ ਦਾ ਆਰੋਹ - ਅਵਰੋਹ ਲਿਖੋ ।
16. ਰਾਗ ਭੂਪਾਲੀ ਵਿੱਚ ਕਿਹੜੇ - ਕਿਹੜੇ ਸਵਰ ਕੋਮਲ ਲੱਗਦੇ ਹਨ ?
17. ਏਕਤਾਲ ਵਿੱਚ ਕੁੱਲ ਕਿੰਨੀਆਂ ਤਾਲੀਆਂ ਹੁੰਦੀਆਂ ਹਨ ?

ਭਾਗ - ਏ

18 ਤੋਂ 22 ਤੱਕ ਸੰਖੇਪਾਤਮਕ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ। (4×3=12)

18. ਰਾਗ ਦੇ ਕੋਈ ਤਿੰਨ ਨਿਯਮ ਲਿਖੋ ।
19. ਅਚਲ ਸਵਰ ਨੂੰ ਪਰਿਭਾਸ਼ਿਤ ਕਰੋ ।
20. ਪੰਜਾਬ ਦੇ ਸਾਜ ਢੋਲ ਉੱਪਰ ਨੋਟ ਲਿਖੋ।
21. ਰੂਪਕ ਤਾਲ ਦੀ ਜਾਣ ਪਛਾਣ ਲਿਖੋ ।
22. ਖਮਾਜ ਰਾਗ ਦੀ ਜਾਣ ਪਛਾਣ ਲਿਖੋ ।

ਭਾਗ - ਸ

23 ਅਤੇ 24 ਨਿਬੰਧਾਤਮਕ ਪ੍ਰਸ਼ਨਾਂ ਵਿੱਚੋਂ ਇੱਕ - ਇੱਕ ਪ੍ਰਸ਼ਨ ਦਾ ਉੱਤਰ ਦਿਓ। (2×5=10)

23. ਤਾਨਸੇਨ ਜੀ ਦੀ ਜੀਵਨੀ ਲਿਖੋ ।

ਜਾਂ

ਤਾਨਪੁਰੇ ਦਾ ਅੰਗ ਵਰਨਣ ਕਰੋ ।

24. ਚਾਰ ਤਾਲ ਨੂੰ ਇਕ ਗੁਣ ਅਤੇ ਦੁਗਣ ਲੈਅਕਾਰੀਆਂ ਵਿੱਚ ਲਿਖੋ ।

ਜਾਂ

ਰਾਗ ਭੈਰਵ ਦੀ ਦਰੁਤ/ਛੋਟੇ ਖਿਆਲ ਦੀ ਸੁਰ ਲਿਪੀ ਲਿਖੋ ।